**PRESS INFORMATION BUREAU**
**GOVT. OF INDIA**
**JALANDHAR**

1. **Name of Newspaper** : **Ajit**
2. **Place** : **Jalandhar**
3. **Dated** : 10-6-17
4. **Language** : **Punjabi**

# ਮੋਦੀ ਤੇ ਯੋਗੀ ਆਦਿੱਤਿਆ ਨਾਥ 21 ਨੂੰ ਲਖਨਊ 'ਚ ਕਰਨਗੇ ਯੋਗ





ਨਵੀਂ ਦਿੱਲੀ, 9 ਜੂਨ (ਉਪਮਾ ਡਾਗਾ ਪਾਰਥ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ 21 ਜੂਨ ਨੂੰ ਹੋਣ ਵਾਲੇ ਤੀਜੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਲਖਨਊ 'ਚ ਹੋਣ ਵਾਲੇ ਸਮਾਗਮ 'ਚ ਯੋਗ ਕਰਨਗੇ। ਆਯੂਸ਼ ਬਾਰੇ ਰਾਜ ਮੰਤਰੀ ਸ੍ਰੀਪਦ ਯੇਸੋ ਨਾਇਕ ਨੇ ਅੱਜ ਰਾਸ਼ਟਰੀ ਸਿਹਤ ਸੰਪਾਦਕਾਂ ਬਾਰੇ ਕਾਨਫ਼ਰੰਸ ਦੇ ਉਦਘਾਟਨੀ ਇਜਲਾਸ ਨੂੰ ਸੰਬੋਧਨ ਕਰਦਿਆਂ ਇਹ ਜਾਣਕਾਰੀ ਦਿੱਤੀ। ਨਾਇਕ ਨੇ ਕਿਹਾ ਕਿ ਲਖਨਊ 'ਚ ਹੋਣ ਵਾਲੇ ਸਮਾਗਮ 'ਚ 50,000 ਤੋਂ ਵੱਧ ਲੋਕ ਹਿੱਸਾ ਲੈਣਗੇ। ਲਖਨਊ 'ਚ ਹੋਣ ਵਾਲੇ ਅੰਤਰਰਾਸ਼ਟਰੀ ਯੋਗ ਦਿਵਸ ਦੀਆਂ ਤਿਆਰੀਆਂ ਲਈ ਕਈ ਸੰਸਥਾਵਾਂ ਅਤੇ ਯੋਗ ਗੁਰੂਆਂ ਨੇ ਉਥੇ ਕੈਂਪ ਵੀ ਲਾ ਲਏ ਹਨ। ਇਸ ਦਿਨ ਨੂੰ ਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਹਰ ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਵੀ ਸਮਾਗਮ ਕੀਤੇ ਜਾਣਗੇ। ਆਯੂਸ਼ ਸਕੱਤਰ ਸੀ. ਕੇ. ਮਿਸ਼ਰਾ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰੀ ਰਾਜਧਾਨੀ 'ਚ ਨਵੀਂ ਦਿੱਲੀ ਮਿਊਂਸਪਲ ਕਾਰਪੋਰੇਸ਼ਨ, ਲੋਧੀ ਗਾਰਡਨ, ਕਨਾਟ ਪਲੇਸ, ਤਾਲਕਟੋਰਾ ਗਾਰਡਨ ਅਤੇ ਨਹਿਰੂ ਪਲੇਸ ਵਿਖੇ ਯੋਗ ਕਰਵਾਇਆ ਜਾਵੇਗਾ, ਜਦਕਿ ਦਿੱਲੀ ਵਿਕਾਸ ਅਥਾਰਿਟੀ ਵੱਲੋਂ ਦਵਾਰਕਾ, ਰੋਹਿਣੀ ਅਤੇ ਕੁਕਰੇਜੀ ਵਿਖੇ ਅਤੇ ਬ੍ਰਹਮਕੁਮਾਰੀਆਂ ਵੱਲੋਂ ਲਾਲ ਕਿਲ੍ਹੇ 'ਤੇ ਯੋਗ ਕਰਵਾਇਆ ਜਾਵੇਗਾ, ਜਦਕਿ ਸਿੱਖਿਆ ਸੰਸਥਾਵਾਂ 'ਚ ਵੀ ਛੋਟੇ ਪੱਧਰ 'ਤੇ ਯੋਗ ਦਿਵਸ ਮਨਾਇਆ ਜਾਵੇਗਾ।

मोदी व योगी आदयतिनाथ
21 को लखनऊ में करेंगे
योग